بِسۡمِ اللّٰہِ الرَّحۡمٰنِ الرَّحِیۡمِ نَحْمَدُهٗ وَنُصَلِّیْ عَلٰی رَسُوْلِهِ الْکَرِیْمِ وَعَلٰی عَبْدِهِ الْمَسِیْحِ الْمَوْعُوْدِ

# ਖ਼ੁਲਾਸਾ ਖ਼ੁਤਬਾ ਜੁਮਆ 10.03.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਵੱਧ ਤੋਂ ਵੱਧ ਵਾਕਫ਼ੀਨੇ ਨਉ ਨੂੰ ਜਾਮਿਆ ਅਹਮਦੀਆ ਵਿੱਚ ਸਿੱਖਿਆ ਲੈਂਣ ਲਈ ਆਉਣਾ ਚਾਹੀਦਾ ਹੈ**

ਮਾਤਾ ਪਿਤਾ ਬਚਪੁਨੇ ਤੋਂ ਲੜਕਿਆਂ ਨੂੰ ਇਸ ਵੱਲ ਧਿਆਨ ਦੁਆਉਣ ਅਤੇ ਉਹਨਾਂ ਦੀ ਸੀਖ ਇਸ ਪ੍ਰਕਾਰ ਕਰਨ ਕਿ ਉਹਨਾਂ ਨੂੰ ਜਾਮਿਆ ਵਿੱਚ ਦਾਖ਼ਲ ਹੋਣ ਦਾ ਸ਼ੌਕ ਪੈਦਾ ਹੋਵੇ

ਪਹਿਲੀ ਗੱਲ ਤਾਂ ਇਹ ਚੇਤੇ ਰਖੱਣੀ ਚਾਹੀਦੀ ਹੈ ਕਿ ਉਹਨਾਂ ਨੇ ਪ੍ਰਬੰਧਕੀ ਪੱਖੋਂ ਜੋ ਵੀ ਉਹਨਾਂ ਲਈ ਨਿਯੁਕਤ ਕੀਤਾ ਗਿਆ ਹੈ ਉਸ ਦਾ ਅਨੁਪਾਲਣ ਕਰਨਾ ਹੈ ਅਤੇ ਆਪਣੀ ਆਗਿਆਕਾਰੀ ਦਾ ਨਮੂਨਾ ਦਿਖਾਉਂਣਾ ਹੈ ਅਤੇ ਚੁੱਪ ਰਹਿਣਾ ਹੈ ਤਾਂ ਜੋ ਜਮਾਤ ਵਿੱਚ ਬੇ ਚੈਨੀ ਪੈਦਾ ਨ ਹੋਵੇ

ਸਦਰ ਸਾਹਿਬਾਨ ਤੇ ਉਮਰਾ ਨੂੰ ਵੀ ਮੈਂ ਕਹਿੰਦਾ ਹਾਂ ਕਿ ਮੁਰੱਬੀਆਂ ਦਾ ਸਨਮਾਨ ਸਥਾਪਨ ਕਰਨਾ ਉਹਨਾਂ ਦਾ ਕੰਮ ਹੈ ਅਤੇ ਸਭ ਤੋਂ ਵੱਧ ਮੁਰੱਬੀ ਦਾ ਸਨਮਾਨ ਤੇ ਇਜ਼ੱਤ ਕਰਨ ਵਾਲਾ ਅਤੇ ਸਹਿਯੋਗ ਨਾਲ ਤੇ ਸਲਾਹ ਮਸ਼ਵਰੇ ਨਾਲ ਚਲੱਣ ਵਾਲਾ ਸਦਰ ਜਮਾਤ ਤੇ ਅਮੀਰ ਜਮਾਤ ਨੂੰ ਹੋਣਾ ਚਾਹੀਦਾ ਹੈ

ਨ ਹੀ ਸਦਰ ਜਾਂ ਅਮੀਰ ਨੂੰ ਸਾਰੇ ਅਖ਼ਤਿਆਰ ਅਪਣੇ ਹੱਥ ਵਿੱਚ ਰਖੱਕੇ ਆਪਣੀ ਮਰਜ਼ੀ ਚਲਾਉਣ ਦਾ ਜਤਨ ਕਰਨਾ ਚਾਹੀਦਾ ਹੈ ਅਤੇ ਨ ਹੀ ਮੁਰੱਬੀਆਂ ਨੂੰ ਆਪਣੀ ਰਾਏ ਠੀਕ ਸਮਝ ਕੇ ਉਸ'ਤੇ ਅਮਲ ਕਰਨਾ ਜਾਂ ਕਰਾਉਣ ਦਾ ਜਤਨ ਕਰਨਾ ਚਾਹੀਦਾ ਹੈ ਸਗੋਂ ਸਹਿਯੋਗ ਨਾਲ ਕੰਮ ਕਰਨ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 10 ਮਾਰਚ 2017 ਈ. ਨੂੰ ਮਸਜਿਦ ਬੈਤੁਲ ਫ਼ਤੂਹ (ਲੰਦਨ) ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਰੱਬ ਦੀ ਅਪਾਰ ਕ੍ਰਿਪਾ ਤੇ ਮਿਹਰ ਨਾਲ ਦੁਨੀਆ ਦੇ ਅਨੇਕਾਂ ਦੇਸ਼ਾਂ ਵਿੱਚ ਹੁਣ ਜਾਮਿਆ ਅਹਮਦੀਆ ਦੀ ਸਥਾਪਨਾ ਹੋ ਚੁੱਕੀ ਹੈ, ਜਿੱਥੋਂ ਮੁਰੱਬੀ ਆਪਣੀ ਸਿੱਖਿਆ ਪੂਰੀ ਕਰਕੇ ਅਮਲੀ ਰਣਖੇਤਰ ਵਿੱਚ ਆ ਚੁੱਕੇ ਹਨ ਅਤੇ ਆ

ਰਹੇ ਹਨ । ਬੀਤੇ ਦਿਨੀ ਏਥੇ ਯੂਕੇ ਦੇ ਜਾਮਿਆ ਅਹਮਦੀਆ ਅਤੇ ਕੈਨੇਡਾ ਦੇ ਜਾਮਿਆ ਅਮਹਦੀਆ ਦੇ ਪਾਸ ਹੋਣ ਵਾਲੇ ਵਿਦਿਆਰਥੀਆਂ ਦੀ ਸਾਂਝੀ ਕਨਵੋਕੇਸ਼ਨ (Convocation) ਸੀ । ਇਹ ਸ਼ਾਹਿਦ ਦੀ ਡਿਗਰੀ ਲੈਕੇ ਆਪਣੇ ਆਪ ਨੂੰ ਮੁਰੱਬੀ ਦੇ ਰੂਪ ਵਿੱਚ ਪੇਸ਼ ਕਰਨ ਵਾਲੇ ਲੋਕ ਹਨ । ਇਹਨਾਂ ਵਿੱਚੋਂ ਬੁਹੁਤੇ ਸਗੋਂ ਲਗਭਗ ਸਾਰੇ ਹੀ ਉਹ ਹਨ ਜੋ ਵਕਫ਼ੇ ਨਉ ਦੀ ਤਹਿਰੀਕ ਵਿੱਚ ਸ਼ਾਮਲ ਹਨ । ਪਛੱਮੀ ਦੇਸ਼ਾਂ ਵਿੱਚ ਰਹਿੰਦਿਆਂ ਹੋਇਆਂ ਜਿੱਥੇ ਦੁਨੀਆਦਾਰੀ ਅਤੇ ਸੰਸਾਰਕ ਚਮਕ ਦਮਕ ਸ਼ਿਖਰ'ਤੇ ਹੈ ਆਪਣੇ ਆਪ ਨੂੰ ਵਕਫ਼ ਕਰਕੇ ਰੱਬ ਦੇ ਦੀਨ ਦੇ ਸਿਪਾਹੀਆਂ ਵਿੱਚ ਸ਼ਾਮਲ ਹੋਣ ਲਈ ਪੇਸ਼ ਕਰਨਾ ਨਿਸ਼ਚੇ ਹੀ ਉਹਨਾਂ ਦੀ ਖ਼ੁਸ਼ਕਿਸਮਤੀ ਤੇ ਦੀਨ ਨੂੰ ਦੁਨੀਆ ਉਪੱਰ ਪਹਿਲ ਦੇਣ ਦੇ ਪ੍ਰਣ ਨੂੰ ਪੂਰਾ ਕਰਨ ਦਾ ਪ੍ਰਗਟਾਵਾ ਹੈ, ਪਰ ਇਹ ਚੇਤੇ ਰਖੱਣਾ ਚਾਹੀਦਾ ਹੈ ਕਿ ਇਹ ਰੱਬ ਦੀ ਮਿਹਰ ਤੋਂ ਬਿਨਾ ਸੰਭਵ ਨਹੀਂ, ਇਸ ਲਈ ਇਸ ਨੂੰ ਰੱਬ ਦੀ ਮਿਹਰ ਦਾ ਸਬਬ ਸਮਝਣਾ ਚਾਹੀਦਾ ਹੈ ਅਤੇ ਉਸ ਦੇ ਅੱਗੇ ਝੁੱਕਦਿਆਂ ਹੋਇਆਂ ਉਸ ਦੀਆਂ ਮਿਹਰਾਂ ਦੀ ਭਾਲ ਕਰਦੇ ਰਹਿਣਾ ਚਾਹੀਦਾ ਹੈ । ਮੈਂ Convocation ਵਿੱਚ ਇਹ ਵੀ ਕਿਹਾ ਸੀ ਕਿ ਜਮਾਤ ਨੂੰ ਮੁਰੱਬੀਆਂ ਅਤੇ ਮੁਬਲੱਗ਼ੀਨ ਦੀ ਲੋੜ ਹੈ ਅਤੇ ਇਹ ਲੋੜ ਬਹੁਤ ਵੱਧ ਰਹੀ ਹੈ ਸਗੋਂ ਵੱਧ ਗਈ ਹੈ, ਇਸ ਲਈ ਵਾਕਫ਼ੀਨੇ ਨਉ ਨੂੰ ਵੱਧ ਤੋਂ ਵੱਧ ਜਾਮਿਆ ਅਹਮਦੀਆ ਵਿੱਚ ਸਿੱਖਿਆ ਪ੍ਰਾਪਤ ਕਰਨ ਲਈ ਆਉਂਣਾ ਚਾਹੀਦਾ ਹੈ । ਮਾਤਾ ਪਿਤਾ ਬਚਪੁਣੇ ਤੋਂ ਹੀ ਲੜਕਿਆਂ ਨੂੰ ਇਸ ਵੱਲ ਧਿਆਨ ਦੁਆਉਣ ਅਤੇ ਉਹਨਾਂ ਦੀ ਅਜਿਹੀ ਸੀਖ ਸਿੱਖਿਆ ਕਰਨ ਕਿ ਉਹਨਾਂ ਨੂੰ ਜਾਮਿਆ ਵਿੱਚ ਦਾਖ਼ਲ ਹੋਣ ਦਾ ਸ਼ੌਕ ਪੈਦਾ ਹੋਵੇ ।

ਵਾਕਫ਼ੀਨ ਨਉ ਬੱਚਿਆਂ ਨੂੰ ਜਤਨ ਕਰਨਾ ਚਾਹੀਦਾ ਹੈ ਜਾਮਿਆ ਵਿੱਚ ਦਾਖ਼ਲ ਹੋਣ ਅਤੇ ਜਿਵੇਂ ਕਿ ਮੈਂ ਕਿਹਾ ਇਸ ਦੇ ਲਈ ਮਾਂਪਿਆਂ ਨੂੰ ਤਿਆਰ ਕਰਨਾ ਚਾਹੀਦਾ ਹੈ । ਇਸ ਸਮੇਂ ਕਰਮ ਰੂਪੀ ਰਣਖੇਤਰ ਵਿੱਚ ਆਉਣ ਵਾਲੇ ਮੁਰੱਬੀਆਂ ਦੇ ਵਿਚਾਰਾਂ ਵਿੱਚ ਜੋ ਕੁਝ ਪ੍ਰਸ਼ਨ ਆਉਂਦੇ ਹਨ ਉਸ ਦੀ ਚਰਚਾ ਵੀ ਕਰ ਦਿੰਦੇ ਹਨ ਜਾਂ ਪੁਛੱਦੇ ਹਨ, ਉਹਨਾਂ ਦਾ ਵੀ ਵਰਨਣ ਕਰਨਾ ਚਾਹੁੰਦਾ ਹਾਂ । ਮੁਰੱਬੀਆਂ ਦੇ ਇਹ ਪ੍ਰਸ਼ਨ ਹੁੰਦੇ ਹਨ ਕਿ ਸਾਡੇ ਕੰਮਾ ਵਿੱਚ ਸਦਰ ਜਮਾਤ ਕਿੱਥੋਂ ਤੱਕ ਦਖ਼ਲ ਅੰਦਾਜ਼ੀ ਕਰ ਸਕਦੇ ਹਨ । ਸਾਡੀਆਂ ਕੀ ਸੀਮਾਵਾਂ ਹਨ, ਉਹਨਾਂ ਦੀ ਹਦੂਦ ਕੀ ਹਨ । ਕਈ ਵਾਰ ਇਕ ਮੁਰੱਬੀ ਕਿਸੇ ਗੱਲ ਨੂੰ ਤਰਬੀਯਤ (ਸੀਖ ਸਿੱਖਿਆ) ਦੇ ਪੱਖੋਂ ਚੰਗਾ ਸਮਝਦਾ ਹੈ ਅਤੇ ਚੰਗਾ ਸਮਝ ਕੇ ਜਾਮਤ ਵਿੱਚ ਲਾਗੂ ਕਰਨ ਦਾ ਜਤਨ ਕਰਦਾ ਹੈ ਤਾਂ ਸਦਰ ਜਮਾਤ ਕਹਿੰਦਾ ਹੈ ਕਿ ਮੈਂ ਨਹੀਂ ਸਮਝਦਾ ਕਿ ਇਸ ਨੂੰ ਇਸ ਪ੍ਰਕਾਰ ਕਰਨਾ ਚਾਹੀਦਾ ਹੈ । ਅਜਿਹੇ ਸਮੇਂ ਮੁਰੱਬੀਆਂ ਨੂੰ ਪਹਿਲੀ ਗੱਲ ਤਾਂ ਇਹ ਚੇਤੇ ਰਖੱਣੀ ਚਾਹੀਦ ਹੈ ਕਿ ਉਹਨਾਂ ਨੇ ਪ੍ਰਬੰਧਕੀ ਪੱਖੋਂ ਜੋ ਵੀ ਉਹਨਾਂ'ਤੇ ਨਿਯੁਕਤ ਕੀਤਾ ਗਿਆ ਹੈ ਉਸ ਦੀ ਆਗਿਆਕਾਰੀ ਕਰਨੀ ਹੈ ਅਤੇ ਆਪਣੀ ਆਗਿਆਕਾਰੀ ਦਾ ਨਮੂਨਾ ਦਿਖਾਉਂਣਾ ਹੈ । ਜੇਕਰ ਕੋਈ ਵਧੀਕੀ ਦੀ ਗੱਲ ਹੈ ਤਾਂ ਆਪਣੇ ਨੈਸ਼ਨਲ ਅਮੀਰ ਜਾਂ ਸਦਰ ਨੂੰ ਦਸੱਣ ਜਾਂ ਮਰਕਜ਼ (ਕੇਂਦਰ) ਵਿੱਚ ਦਸੱਣ, ਮੈਨੂੰ ਵੀ ਲਿੱਖ ਸਕਦੇ ਹਨ । ਇਸੇ ਪ੍ਰਕਾਰ ਸਦਰ ਸਾਹਿਬਾਨ ਤੇ ਉਮਰਾ ਨੂੰ ਵੀ ਮੈਂ ਇਹ ਕਹਿੰਦਾ ਹਾਂ ਕਿ ਮੁਰੱਬੀਆਂ ਦਾ ਸਨਮਾਨ ਸਥਪਨ ਕਰਨਾ ਉਹਨਾਂ ਦਾ ਕੰਮ ਹੈ ਅਤੇ ਕਿਸੇ ਵੀ ਜਮਾਤ ਵਿੱਚ ਸੱਭ ਤੋਂ ਵੱਧ ਮੁਰੱਬੀ ਦਾ ਸਨਮਾਨ ਤੇ ਇਜ਼ੱਤ ਕਰਨ ਵਾਲਾ ਤੇ ਸਹਿਯੋਗ ਨਾਲ ਸਲਾਹ ਮਸ਼ਵਰੇ ਨਾਲ ਚਲੱਣ ਵਾਲਾ ਸਦਰ ਜਮਾਤ ਤੇ ਅਮੀਰ ਜਮਾਤ ਨੂੰ ਹੋਣਾ ਚਹੀਦਾ ਹੈ ਅਤੇ ਇਸੇ ਪ੍ਰਕਾਰ ਬਾਕੀ ਉਹਦੇਦਾਰ ਵੀ ਆਪਣੇ ਆਪਣੇ ਸਰਕਲ ਵਿੱਚ ਮੁਰੱਬੀ ਦੇ ਨਾਲ ਸਹਿਯੋਗ ਕਰਨ ਵਾਲੇ ਹੋਣ ਅਤੇ ਮੁਰੱਬੀ ਵੀ ਪੂਰਨ ਵਿਨਮ੍ਰਤਾ ਅਤੇ ਤਕਵਾ (ਸੰਜਮਤਾ) ਨਾਲ ਸਦਰ ਜਮਾਤ ਜਾਂ ਅਮੀਰ ਜਮਾਤ ਨਾਲ ਭਰਪੂਰ ਸਹਿਯੋਗ ਕਰਨ । ਉਦੇਸ਼ ਤਾਂ ਸਾਡਾ ਇਕ ਹੈ ਕਿ ਜਮਾਤ ਦੇ ਲੋਕਾਂ ਦੀ ਸੀਖ ਤੇ ਸਿੱਖਿਆ ਅਤੇ ਜਮਾਤ ਦੀ ਵਿਵਸਥਾ ਦਾ ਸਨਮਾਨ ਸਥਾਪਨ ਕਰਨਾ, ਖ਼ਿਲਾਫ਼ਤ ਨਾਲ ਆਸਥਾ ਪੈਦਾ ਕਰਨਾ ਅਤੇ ਤੋਹੀਦ (ਇਕਈਸ਼ਵਰਵਾਦ) ਦੀ ਸਥਾਪਨਾ ਕਰਨਾ । ਇਸਲਾਮ ਦੀ ਵਾਸਤਵਿਕ ਸਿੱਖਿਆ

ਨੂੰ ਦੁਨੀਆ ਵਿੱਚ ਫੈਲਾਉਂਣਾ । ਇਸ ਵਿੱਚ ਸੀਮਾਵਾਂ, ਹਦੂਦਾਂ ਅਤੇ ਅਖ਼ਤਿਆਰਾਂ ਦਾ ਕੀ ਪ੍ਰਸ਼ਨ ਹੈ । ਆਪੋ ਵਿੱਚ ਇਕ ਹੋਕੇ ਕੰਮ ਕਰਨਾ ਚਾਹੀਦਾ ਹੈ ਅਤੇ ਇਸ ਬਾਰੇ ਰੱਬ ਦੇ ਉਸ ਮੁਢੱਲੇ ਫ਼ਰਮਾਨ ਨੂੰ ਸਾਹਮਣੇ ਰਖੱਣਾ ਚਾਹੀਦਾ ਹੈ ਕਿ 'ਵ ਤਆਵਾਨੂ ਅਲਲ ਬਿੱਰਿ ਵਤੱਕਵਾ' (وَتَعَاوَنُوْا عَلَى الْبِرِّ وَالتَّقْوٰى) ਅਰਥਾਤ ਨੇਕੀ ਅਤੇ ਤਕਵਾ (ਸੰਜਮਤਾ) ਦੇ ਕੰਮਾ ਵਿੱਚ ਆਪੋ ਵਿੱਚ ਇਕ ਦੂਜੇ ਦੀ ਮਦਦ ਕਰੋ । ਜਮਾਤ ਦੀ ਸੇਵਾ ਭਾਵੇਂ ਕਿਸੇ ਵੀ ਰੂਪ ਵਿੱਚ ਵੀ ਕਰਨ ਦਾ ਸੋਭਾਗ ਪ੍ਰਾਪਤ ਹੋ ਰਿਹਾ ਹੋਵੇ ਉਸ ਤੋਂ ਵੱਡੀ ਕੋਈ ਹੋਰ ਨੇਕੀ ਨਹੀਂ ਅਤੇ ਸੇਵਾ ਕਰਨ ਲਈ ਸੰਜਮਤਾ (ਤਕਵਾ) ਵੀ ਜ਼ਰੂਰੀ ਹੈ । ਜਮਾਤ ਦੀ ਸੇਵਾ ਵਿੱਚ ਤਾਂ ਤਕਵਾ (ਸੰਜਮਤਾ) ਹੀ ਹੈ ਜੋ ਹਕੀਕੀ ਅਤੇ ਪਰਵਾਨ ਯੋਗ ਸੇਵਾ ਦੀ ਤੌਫ਼ੀਕ ਦੇ ਸਕਦਾ ਹੈ । ਇਹ ਕੰਮ ਤਾਂ ਹੈ ਹੀ ਰੱਬ ਦਾ ਖ਼ੌਫ਼ ਦਿਲ ਵਿੱਚ ਰੱਖਦਿਆਂ ਹੋਇਆਂ ਉਸ ਦੀ ਰਜ਼ਾ ਹਾਸਲ ਕਰਨ ਦਾ । ਇਹ ਦੇਖਣ ਵਿੱਚ ਆਇਆ ਹੈ ਕਿ ਕਈ ਵਾਰ ਜਿੱਥੇ ਰਤਾ ਵੀ ਸਦਰ ਜਾਂ ਉਹਦੇਦਾਰਾਂ ਜਾਂ ਮੁਰੱਬੀਆਂ ਦੇ ਸੰਬੰਧਾਂ ਵਿੱਚ ਕਮੀ ਜਾਂ ਕੋਈ ਹੌਲ੍ਹੀ ਜਿਹੀ ਸ਼ੰਕਾ ਆਪੋ ਵਿੱਚ ਪੈਦਾ ਹੋਈ ਤਾਂ ਓਥੇ ਸ਼ੈਤਾਨ ਅੰਦਰ ਵੜ੍ਹਨ ਦਾ ਜਤਨ ਕਰਦਾ ਹੈ ਅਤੇ ਨੇਕੀ ਤੇ ਤਕਵਾ (ਸੰਜਮਤਾ) ਦੀਆਂ ਜੜ੍ਹਾਂ ਹਿਲ੍ਹਣੀਆਂ ਸ਼ੁਰੂ ਹੋ ਜਾਂਦੀਆਂ ਹਨ । ਕੁਝ ਮੁਰੱਬੀ ਦੇ ਹਮਦਰਦ ਬਣਕੇ ਉਸਨੂੰ ਕਹਿੰਦੇ ਹਨ ਕਿ ਤੁਹਾਡੇ ਨਾਲ ਸਦਰ ਨੇ ਚੰਗਾ ਨਹੀਂ ਕੀਤਾ ਅਤੇ ਕੁਝ ਲੋਕ ਸਦਰ ਜਮਾਤ ਨੂੰ ਕਹਿੰਦੇ ਹਨ ਕਿ ਮੁਰੱਬੀ ਨੂੰ ਇਹ ਰਵੱਈਆ ਨਹੀਂ ਅਪਨਾਉਂਣਾ ਚਾਹੀਦਾ ਸੀ । ਸਿੱਟੇ ਵੱਜੋਂ ਲੋਕਾਂ ਵਿੱਚ ਫਿਰ ਬੇਚੈਨੀ ਪੈਦਾ ਹੋ ਜਾਂਦੀ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਦੇਖੋ ਉਹ ਜਮਾਤ, ਜਮਾਤ ਨਹੀਂ ਹੋ ਸਕਦੀ ਜੋ ਇਕ ਦੂਜੇ ਨੂੰ ਖਾਏ ਅਤੇ ਜੱਦ ਚਾਰ ਮਿਲਕੇ ਬੈਠਣ ਤਾਂ ਇਕ ਆਪਣੇ ਗ਼ਰੀਬ ਭਾਈ ਦਾ ਗਿਲਾ ਸ਼ਿਕਵਾ ਕਰਨ ਅਤੇ ਨੁਕਤਾ ਚੀਨੀਆਂ ਕਰਦੇ ਰਹਿਣ, ਫ਼ਰਮਾਇਆ ਅਜਿਹਾ ਉੱਕਾ ਹੀ ਨਹੀਂ ਚਾਹੀਦਾ, ਸਗੋਂ ਸਮੂਹ ਵਿੱਚ ਚਾਹੀਦਾ ਹੈ ਕਿ ਸ਼ਕਤੀ ਆ ਜਾਵੇ, ਇਕੱਠੇ ਹੋ ਜਾਓ ਇਕ ਬਣ ਜਾਓ ਕਿ ਤਾਕਤ ਪੈਦਾ ਹੋਵੇ ਇਸ ਵਿੱਚ ਏਕਾ ਤੇ ਸ਼ਕਤੀ ਪੈਦਾ ਕਰੋ ਅਤੇ ਏਕਤਾ ਪੈਦਾ ਹੋ ਜਾਏ ਜਿਸ ਨਾਲ ਪ੍ਰੇਮ ਵਧੱਦਾ ਹੈ ਅਤੇ ਬਰਕਤ ਪੈਦਾ ਹੁੰਦੀ ਹੈ । ਫ਼ਰਮਾਇਆ ਕਿ ਆਚਰਣਕ ਸ਼ਕਤੀਆਂ ਨੂੰ ਵਿਸ਼ਾਲ ਕੀਤਾ ਜਾਵੇ ਅਤੇ ਇਹ ਫਿਰ ਹੀ ਹੁੰਦਾ ਹੈ ਜੱਦ ਹਮਦਰਦੀ, ਪ੍ਰੇਮ, ਦਰਗੁਜ਼ਰ ਤੇ ਖਿਮਾ ਦੇ ਕਰਮ ਨੂੰ ਆਮ ਕੀਤਾ ਜਾਵੇ ਅਤੇ ਸਾਰੀਆਂ ਆਦਤਾਂ'ਤੇ ਰਹਿਮ ਤੇ ਪਰਦਾ ਪੋਸ਼ੀ ਨੂੰ ਪਹਿਲ ਦਿੱਤੀ ਜਾਵੇ ।

ਹਜ਼ੂਰ ਅਨਵਰ ਅਯੱਦਾਹੁੱਲਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ : ਇਹ ਅਰਥ ਨਹੀਂ ਕਿ ਰੱਬ ਨ ਕਰੇ ਜਮਾਤ ਦੇ ਉਹਦੇਦਾਰਾਂ ਜਾਂ ਸਦਰ ਜਾਂ ਅਮੀਰ ਤੇ ਮੁਰੱਬੀ ਦੇ ਵਿੱਚਕਾਰ ਜਮਾਤ ਵਿੱਚ ਸਾਧਾਰਣ ਤੌਰ'ਤੇ ਵਿਚਾਰਾਂ ਦੇ ਮਤਿਭੇਦ ਪਾਏ ਜਾਂਦੇ ਹਨ, ਨਹੀਂ ਉੱਕਾ ਹੀ ਇਹ ਗੱਲ ਨਹੀਂ ਹੈ । ਇਹ ਸਾਰੀਆਂ ਗਲੱਾਂ ਮੈਂ ਖੋਲਕੇ ਇਸ ਲਈ ਦੱਸ ਦਿੱਤੀਆਂ ਹਨ ਕਿ ਸਦਰ, ਅਮੀਰ ਅਤੇ ਮੁਰੱਬੀਆਂ ਨੂੰ ਪਤਾ ਹੋਵੇ ਕਿ ਉਹਨਾ ਦਾ ਕੰਮ ਬਹੁਤ ਮਹਾਨ ਹੈ ਅਤੇ ਇਕ ਮਹਾਨ ਉਦੇਸ਼ ਸਾਡੇ ਸਾਹਮਣੇ ਹੈ ਅਤੇ ਜੇਕਰ ਰੱਬ ਨ ਕਰੇ ਮਤਿਭੇਦ ਪੈਦਾ ਹੋ ਜਾਵੇ ਤਾਂ ਫਿਰ ਛੇਤੀ ਤੋਂ ਛੇਤੀ ਹਲ ਹੋਣਾ ਚਾਹੀਦਾ ਹੈ ਕਿਉਂਕਿ ਕਈ ਵਾਰ ਦੇਖਣ ਵਿੱਚ ਆਇਆ ਹੈ ਕਿ ਆਪੋ ਵਿੱਚ ਦਾ ਮਤਿਭੇਦ ਆਪੋ ਵਿੱਚ ਨਹੀਂ ਰਹਿੰਦਾ ਸਗੋਂ ਜਮਾਤ ਦੇ ਲੋਕਾਂ ਉਪੱਰ ਵੀ ਪ੍ਰਭਾਵ ਪੈਂਦਾ ਹੈ ਅਤੇ ਸ਼ੈਤਾਨ ਜਿਵੇਂ ਕਿ ਮੈਂ ਪਹਿਲਾਂ ਵੀ ਕਿਹਾ ਹੈ ਕਿ ਇਸਦਾ ਨਾਜਾਇਜ਼ ਲਾਭ ਚੁਕੱਦਾ ਹੈ । ਇਸ ਲਈ ਹਮੇਸ਼ਾ ਦੋਵੇਂ ਇਹ ਵੱਡਾ ਉਦੇਸ਼ ਆਪਣੇ ਸਾਹਮਣੇ ਰਖੱਣ ਕਿ ਜਮਾਤ ਦੀ ਵਿਦਿਅਕ ਤੇ ਰੂਹਾਨੀ (ਆਤਮਕ) ਅਤੇ ਪ੍ਰਬੰਧਕੀ ਤਰਬੀਯਤ ਦੀ ਜੋ ਜਿੰਮੇਦਾਰੀ ਉਹਨਾਂ'ਤੇ ਪਾਈ ਗਈ ਹੈ ਉਹ ਦੋਹਾਂ ਨੇ ਰਲਮਿਲ ਕੇ ਪੂਰੀ ਕਰਨੀ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵੀ ਬਹੁਤ ਸਪਸ਼ਟ ਫ਼ਰਮਾਇਆ ਹੈ ਕਿ ਸਹੀ ਸਿੱਟੇ ਉਸੇ ਸਮੇਂ ਹਾਸਲ ਹੋ ਸਕਦੇ ਹਨ ਜੱਦ ਆਪੋ ਵਿੱਚ ਰਲਮਿਲ ਕੇ ਕੰਮ ਕਰੋ । ਆਪ ਨੇ ਫ਼ਰਮਾਇਆ ਕਿ ਜੋ

ਕੰਮ ਦੋ ਹਥੱਾਂ ਦੇ ਮਿਲਣ ਨਾਲ ਹੋਣਾ ਚਾਹੀਦਾ ਹੈ ਉਹ ਇਕ ਹੱਥ ਨਾਲ ਨੇਪਰੇ ਨਹੀਂ ਚੜ੍ਹ ਸਕਦਾ । ਅਤੇ ਜਿਸ ਮਾਰਗ ਨੂੰ ਫ਼ਰਮਾਇਆ ਦੋ ਪੈਰ੍ਹ ਮਿਲਕੇ ਤੈਅ ਕਰ ਸਕਦੇ ਹਨ ਉਹ ਕੇਵਲ ਇਕ ਪੈਰ੍ਹ ਨਾਲ ਤੈਅ ਨਹੀਂ ਹੋ ਸਕਦਾ ।

ਸੋ, ਨ ਹੀ ਸਦਰ ਜਾਂ ਅਮੀਰ ਨੂੰ ਸਾਰੇ ਅਖ਼ਤਿਆਰ ਆਪਣੇ ਹੱਥ ਵਿੱਚ ਰਖੱਕੇ ਆਪਣੀ ਮਰਜ਼ੀ ਚਲਾਉਣ ਦਾ ਜਤਨ ਕਰਨਾ ਚਾਹੀਦਾ ਹੈ ਅਤੇ ਨ ਹੀ ਮੁਰੱਬੀ ਨੂੰ ਆਪਣੇ ਰਾਏ ਨੂੰ ਠੀਕ ਸਮਝਕੇ ਉਸ’ਤੇ ਅਮਲ ਕਰਨ ਜਾਂ ਕਰਵਾਉਣ ਦਾ ਜਤਨ ਕਰਨਾ ਚਾਹੀਦਾ ਹੈ, ਸਗੋਂ ਸਹਿਯੋਗ ਨਾਲ ਕੰਮ ਕਰਨ ਅਤੇ ਕਿਉਂਕਿ ਮੁਰੱਬੀ ਦੇ ਜ਼ਿੰਮੇ ਜਮਾਤ ਦੀ ਤਰਬੀਯਤ (ਸੀਖ ਸਿੱਖਿਆ) ਦੀ ਜ਼ਿੰਮੇਦਾਰੀ ਹੈ ਅਤੇ ਜਿਵੇਂ ਕਿ ਮੈਂ ਕਿਹਾ ਕਿ ਉਸ ਦਾ ਦੀਨੀ (ਧਾਰਮਕ) ਗਿਆਨ ਵੀ ਬਹੁਤਾ ਹੈ ਜਾਂ ਸਾਧਾਰਣਤਾ ਹੁੰਦਾ ਹੈ ਅਤੇ ਹੋਣਾ ਚਾਹੀਦਾ ਹੈ ਅਤੇ ਉਸ ਨੂੰ ਧਾਰਮਕ ਗਿਆਨ ਵਧਾਉਂਦੇ ਵੀ ਰਹਿਣਾ ਚਾਹੀਦਾ ਹੈ ਅਤੇ ਰੂਹਾਨੀਯਤ (ਆਤਮਕਤਾ) ਨੂੰ ਵਧਾਉਂਦੇ ਰਹਿਣ ਦਾ ਵੀ ਜਤਨ ਕਰਦੇ ਰਹਿਣਾ ਚਾਹੀਦਾ ਹੈ । ਇਸ ਲਈ ਉਸ ਦੇ ਤਕਵਾ (ਸੰਜਮਤਾ) ਦਾ ਮਿਆਰ ਸਾਧਾਰਣ ਲੋਕਾਂ ਤੋਂ ਵੱਧ ਹੋਣਾ ਚਾਹੀਦਾ ਹੈ । ਜੱਦ ਇਸ ਗੱਲ ਨੂੰ ਮੁਰੱਬੀ ਸਮਝ ਲੈਂਣਗੇ ਅਤੇ ਇਸ ਅਨੁਸਾਰ ਕੰਮ ਕਰਨਗੇ ਤਾਂ ਉਹਦੇਦਾਰਾਂ ਅਤੇ ਜਮਾਤ ਦੇ ਲੋਕਾਂ ਵਿੱਚ ਆਪਣੇ ਆਪ ਹੀ ਮੁਰੱਬੀਆਂ ਦਾ ਇਕ ਅਸਥਾਨ ਬਣ ਜਾਏਗਾ । ਸਦਰ ਜਮਾਤ ਜਾਂ ਅਮੀਰ ਜਮਾਤ ਨੂੰ ਚੇਤੇ ਰਖੱਣਾ ਚਾਹੀਦਾ ਹੈ ਕਿ ਜਿੱਥੇ ਪ੍ਰਬੰਧਕੀ ਆਗੂ ਹੋਣ ਕਰਕੇ ਜਮਾਤ ਦੀ ਪ੍ਰਬੰਧਕੀ ਵਿਵਸਥਾ ਨੂੰ ਚੰਗੀ ਤਰ੍ਹਾਂ ਚਲਾਉਣ ਦੀ ਉਹਨਾਂ ਦੀ ਜ਼ਿੰਮੇਦਾਰੀ ਹੈ ਅਤੇ ਉਹਨਾਂ ਨੂੰ ਇਸ ਕੰਮ ਵਿੱਚ ਸਮੇਂ ਦੇ ਖ਼ਲੀਫ਼ਾ ਨੇ ਆਪਣਾ ਨੁਮਾਇੰਦਾ ਬਣਾਇਆ ਹੋਇਆ ਹੈ । ਇਸੇ ਪ੍ਰਕਾਰ ਜਮਾਤ ਦੀ ਧਾਰਮਕ ਤੇ ਆਤਮਕ ਚੰਗਿਆਈ ਤੇ ਤਰੱਕੀ ਲਈ ਉਸ ਦੇ ਸੰਭਵ ਸਾਧਨ ਨੂੰ ਵਰਤੋਂ ਵਿੱਚ ਲਿਆਉਣ ਦੀ ਜ਼ਿੰਮੇਦਾਰੀ ਮੁਰੱਬੀਆਂ ਦੀ ਹੈ ਅਤੇ ਉਹ ਇਸ ਮਾਮਲੇ ਵਿੱਚ ਸਮੇਂ ਦੇ ਖ਼ਲੀਫ਼ਾ ਦੇ ਨੁਮਾਇੰਦੇ ਹਨ । ਇਸ ਲਈ ਅਮੀਰ, ਸਦਰ ਸਾਹਿਬਾਨ ਤੇ ਮੁਰੱਬੀਆਂ ਦਾ ਆਪੋ ਵਿੱਚ ਸਹਿਯੋਗ ਹੋਣਾ ਚਾਹੀਦਾ ਹੈ ਅਤੇ ਇਕ ਸਕੀਮ ਹੇਠ ਕੰਮ ਕਰਨਾ ਚਾਹੀਦਾ ਹੈ । ਫਿਰ ਹੀ ਜਮਾਤ ਨੂੰ ਪ੍ਰਬੰਧਕੀ ਪੱਖੋਂ ਮਜ਼ਬੂਤ ਕਰ ਸਕਣਗੇ ਅਤੇ ਆਤਮਕ ਤੇ ਵਿਦਿਅਕ ਮਿਆਰ ਵਿੱਚ ਵੀ ਤਰੱਕੀ ਕਰਦੇ ਚਲੇ ਜਾਣ ਵਾਲੇ ਹੋਣਗੇ ।

ਪਹਿਲਾਂ ਵੀ ਮੈਂ ਸੰਖੇਪ ਵਿੱਚ ਵਰਨਣ ਕਰ ਆਇਆ ਹਾਂ, ਦੁਬਾਰਾ ਕਹਿ ਦਿੰਦਾ ਹਾਂ ਕਿ ਸਦਰ ਅਤੇ ਅਮੀਰ ਅਤੇ ਸਾਰੇ ਜਮਤੀ ਉਹਦੇਦਾਰ, ਉਹਨਾਂ ਦਾ ਕੰਮ ਸਗੋਂ ਜ਼ਿੰਮੇਦਾਰੀ ਹੈ ਕਿ ਮੁਬਲੱਗ਼ੀਨ ਸਗੋਂ ਜਿੰਨ੍ਹੇ ਵੀ ਵਾਕਫ਼ੀਨ ਜ਼ਿੰਦਗੀ ਹਨ ਉਹਨਾ ਦਾ ਸਨਮਾਨ ਅਤੇ ਇਜ਼ਤ ਦਿਲ ਵਿੱਚ ਵੀ ਪੈਦਾ ਕਰਨ ਅਤੇ ਜਮਾਤ ਦੇ ਲੋਕਾਂ ਦੇ ਦਿਲਾਂ ਵਿੱਚ ਵੀ ਪੈਦਾ ਕਰਨ । ਇਹਨਾਂ ਦਾ ਸਨਮਾਨ ਕਰਨਾ ਅਤੇ ਕਰਾਉਣਾ ਆਪ ਲੋਕਾਂ ਦਾ ਕੰਮ ਹੈ ਤਾਂ ਜੋ ਮੁਰੱਬੀ ਅਤੇ ਮੁਬਲੱਗ਼ ਅਤੇ ਵਾਕਫ਼ੀਨ ਜ਼ਿੰਦਗੀ ਦੇ ਅਸਥਾਨ ਦੀ ਮਹਤੱਾ ਪ੍ਰਤੱਖ ਹੋਵੇ ਅਤੇ ਵੱਧ ਤੋਂ ਵੱਧ ਨੌਜੁਆਨ ਜਮਾਤ ਦੀ ਸੇਵਾ ਲਈ ਆਪਣੇ ਆਪ ਨੂੰ ਪੇਸ਼ ਕਰਨ । ਨੌਜੁਆਨ ਵਾਕਫ਼ੀਨੇ ਨਉ ਨੂੰ ਵੀ ਪੂਰੀ ਤਰ੍ਹਾਂ ਆਪਣੇ ਆਪ ਨੂੰ ਇਸ ਸੇਵਾ ਲਈ ਪੇਸ਼ ਕਰਨ ਲਈ ਪ੍ਰਤਖ ਤਹਿਰੀਕ ਚਾਹੀਦੀ ਹੈ ਜੋ ਉਹਨਾਂ ਦੇ ਸ਼ੌਕ ਨੂੰ ਉਭਾਰੇ । ਵਾਕਫ਼ੀਨੇ ਨਉ ਨੌਜੁਆਨਾ ਨੂੰ ਅਤੇ ਕਰਮ ਰੂਪੀ ਰਣਖੇਤਰ ਵਿੱਚ ਨੌਜੁਆਨ ਮੁਰੱਬੀਆਂ ਨੂੰ ਵੀ ਆਖਣਾ ਚਾਹੁੰਦਾ ਹੈ ਕਿ ਦੁਨੀਆ ਚਾਹੇ ਆਪ ਦੇ ਅਸਥਾਨ ਨੂੰ ਸਮਝੇ ਜਾਂ ਨ ਸਮਝੇ, ਕੋਈ ਸਦਰ, ਅਮੀਰ ਜਾਂ ਉਹਦੇਦਾਰ ਸਗੋਂ ਕੋਈ ਜਮਾਤੀ ਵਿਅਕਤੀ ਵੀ ਆਪ ਦਾ ਸਨਮਾਨ ਕਰੇ ਜਾਂ ਨ ਕਰੇ ਆਪ ਨੇ ਅਲੱਾਹ ਨਾਲ ਕੁਰਬਾਨੀ ਕਰਨ ਦਾ ਜੋ ਪ੍ਰਣ ਕੀਤਾ ਹੈ ਉਸ ਨੂੰ ਨੇਕ ਨੀਤੀ ਨਾਲ ਨਿਭਾਉਂਦੇ ਰਹਿਣਾ ਹੈ । ਜੋ ਮੁਰੱਬੀ ਬਣ ਗਏ ਤਾਂ ਫਿਰ ਹਰ ਮਾਮਲੇ ਵਿੱਚ ਰੱਬ ਅੱਗੇ ਹੀ ਝੁਕੱਣਾ ਹੈ ਅਤੇ ਲੋਕਾਂ ਦੇ ਰਵੱਈਏ ਦੀ ਕੁਝ ਵੀ ਪਰਵਾਹ ਨਹੀਂ ਕਰਨੀ । ਜੇਕਰ ਕੋਈ ਸ਼ੰਕੇ ਪੈਦਾ ਵੀ ਹੋ ਜਾਣ ਤਾਂ ਬੰਦਿਆਂ ਅੱਗੇ ਪ੍ਰਕਟ ਕਰਨ ਦੀ ਥਾਂ ਰੱਬ ਅੱਗੇ ਝੁਕੱਣਾ ਹੈ । ਸੋ, ਜੇਕਰ ਉਹਦੇਦਾਰ ਜਮਾਤ ਲਈ ਲਾਹੇਵੰਦ ਵੁਜੂਦ ਨਹੀਂ ਬਣਦਾ ਤਾਂ ਰੱਬ ਤੋਂ ਦੁਆ ਮੰਗੋ ਕਿ ਅਜਿਹੇ ਉਹਦੇਦਾਰ ਤੋਂ

ਰੱਬ ਜਾਣ ਛੁਡਾਏ । ਇਸੇ ਪ੍ਰਕਾਰ ਮੈਂ ਉਹਦੇਦਾਰਾਂ ਅਤੇ ਮੁਰੱਬੀਆਂ ਦੋਹਾਂ ਨੂੰ ਇਹ ਗੱਲ ਵੀ ਕਹਿਣਾ ਚਾਹੁੰਦਾ ਹਾਂ ਕਿ ਜੱਦ ਅਸੀਂ ਜਮਾਤ ਦੇ ਲੋਕਾਂ ਤੋਂ ਇਹ ਆਸ ਰਖੱਦੇ ਹਾਂ ਕਿ ਉਹਨਾਂ ਦੇ ਘਰਾਂ ਵਿੱਚ ਉਹਦੇਦਾਰਾਂ ਬਾਰੇ ਗਲੱਾਂ ਨ ਹੋਣ ਅਰਥਾਤ ਨਕਾਰਾਤਮਕ ਗਲੱਾਂ ਨ ਹੋਣ ਤਾਂ ਫਿਰ ਸਦਰ ਸਾਹਿਬਾਨ ਅਤੇ ਉਮਰਾ ਅਤੇ ਉਹਦੇਦਾਰ ਅਤੇ ਇਸੇ ਪ੍ਰਕਾਰ ਮੁਰੱਬੀਆਂ ਨੂੰ ਵੀ ਹਮੇਸ਼ਾ ਇਸ ਗੱਲ ਦੀ ਪਾਬੰਦੀ ਕਰਨੀ ਚਾਹੀਦੀ ਹੈ ਕਿ ਉਹਨਾਂ ਦੇ ਘਰਾਂ ਵਿੱਚ ਇਕ ਦੂਜੇ ਬਾਰੇ ਕਿਸੇ ਪ੍ਰਕਾਰ ਦੀ ਨਕਾਰਾਤਮਕ ਗਲੱਾਂ ਨ ਹੋਣ । ਹਾਂ, ਸਕਾਰਾਤਮਕ ਗਲੱਾਂ ਬੇਸ਼ਕ ਹੋਣ ਤਾਂ ਜੋ ਮੁਰੱਬੀਆਂ ਦੀਆਂ ਨਸਲਾਂ ਵਿੱਚ ਵੀ, ਉਹਦੇਦਾਰਾਂ ਦੀਆਂ ਨਸਲਾਂ ਵਿੱਚ ਵੀ ਅਤੇ ਜਮਾਤੀ ਵਿਵਸਥਾ ਅਤੇ ਵਾਕਫ਼ੀਨੇ ਜ਼ਿੰਦਗੀ ਅਤੇ ਕਿਸੇ ਢੰਗ ਵਿੱਚ ਜਮਾਤ ਦੀ ਸੇਵਾ ਕਰਨ ਵਾਲਿਆਂ ਦਾ ਸਨਮਾਨ ਪੈਦਾ ਹੋਵੇ । ਉਹਦੇਦਾਰ ਅਤੇ ਵਿਸ਼ੇਸ਼ ਰੂਪ ਵਿਚ ਸਦਰ ਅਤੇ ਅਮੀਰ ਇਹ ਵੀ ਚੇਤੇ ਰਖੱਣ ਕਿ ਜਮਾਤ ਦੇ ਲੋਕਾਂ ਲਈ ਵੀ ਹਮੇਸ਼ਾ ਪਿਆਰ ਤੇ ਪ੍ਰੇਮ ਦੇ ਪਰ ਫੈਲਾਉਣ । ਆਪਣੀ ਜਮਾਤ ਦੇ ਹਰ ਵਿਅਕਤੀ ਨੂੰ ਇਹ ਅਹਿਸਾਸ ਦੁਆਉਣ ਕਿ ਉਹ ਸੁਰੱਖਿਅਤ ਪਰਾਂ ਹੇਠ ਹੈ । ਹਮੇਸ਼ਾ ਹਰ ਇਕ ਨਾਲ ਨਰਮੀ ਅਤੇ ਮੁਸਕਰਾਉਂਦਿਆਂ ਹੋਇਆਂ ਗੱਲ ਕਰਨ । ਦਫ਼ਤਰ ਦੀ ਕੁਰਸੀ ਆਪ ਵਿੱਚ ਹੰਕਾਰ ਦੀ ਥਾਂ ਵਿਨਮ੍ਰਤਾ ਪੈਦਾ ਕਰਨ ਵਾਲੀ ਹੋਵੇ । ਹਰ ਉਹਦੇਦਾਰ ਦੇ ਵੀ ਅਤੇ ਹਰ ਮੁਰੱਬੀ ਦੇ ਵੀ ਬੂਹੇ ਹਰ ਵਿਅਕਤੀ ਲਈ ਖੁੱਲੇ ਹੋਣ । ਮਾਮਲਿਆਂ ਨੂੰ ਨਿਪਟਾਉਣ ਵਿੱਚ ਛੇਤੀ ਕਰਿਆ ਕਰਨ ਲਟਕਾਇਆ ਨ ਕਰਨ ।

ਉਹਦੇਦਾਰਾਂ ਨੂੰ ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ ਕਿ ਜਮਾਤ ਦਾ ਕੋਈ ਉਹਦਾ ਵੀ ਕਿਸੇ ਪ੍ਰਕਾਰ ਦੀ ਵੱਡਿਆਈ ਪੈਦਾ ਕਰਨ ਲਈ ਨਹੀਂ ਹੈ ਸਗੋਂ ਆਜਜ਼ੀ ਵਿਨਮ੍ਰਤਾ ਵਿੱਚ ਵਧੱਣ ਲਈ ਹੈ । ਇਸ ਲਈ ਹਰ ਫ਼ੈਸਲੇ ਨੂੰ ਅਤੇ ਹਰ ਫ਼ੈਸਲਾ ਤੇ ਹਰ ਕੰਮ ਰੱਬ ਦਾ ਖ਼ੌਫ਼ ਦਿਲ ਵਿੱਚ ਰੱਖਦਿਆਂ ਹੋਇਆਂ ਅਤਿਅੰਤ ਆਜਜ਼ੀ ਤੇ ਵਿਨਮ੍ਰਤਾ ਨਾਲ ਇਨਸਾਫ਼ ਦੇ ਤਕਾਦਿਆਂ ਨੂੰ ਪੂਰਾ ਕਰਦਿਆਂ ਹੋਇਆਂ ਕਰਨ ਦਾ ਜਤਨ ਕਰਨਾ ਚਾਹੀਦਾ ਹੈ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਅਖ਼ਤਿਆਰ ਰਖੱਣ ਵਾਲੇ ਹਾਕਮਾ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਹਰ ਉਹਦੇਦਾਰ ਇਸਨੂੰ ਸਾਹਮਣੇ ਰੱਖੇ ਤਾਂ ਨਿਸ਼ਚੇ ਹੀ ਆਪਣੇ ਕੰਮ ਦੇ ਮਿਆਰ ਅਤੇ ਇਨਸਾਫ਼ ਦੇ ਤਕਾਦੇ ਪੂਰੇ ਕਰਨ ਵਿੱਚ ਕਈ ਗੁਣਾ ਵਾਧਾ ਹੋ ਸਕਦਾ ਹੈ । ਇਕ ਮੌਕੇ ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ  ਜਿਸ ਨੂੰ ਰੱਬ ਨੇ ਲੋਕਾਂ ਦਾ ਨਿਗਰਾਨ ਅਤੇ ਜ਼ਿੰਮੇਦਾਰ ਬਣਾਇਆ ਹੈ ਉਹ ਜੇਕਰ ਲੋਕਾਂ ਦੀ ਨਿਗਰਾਨੀ ਅਤੇ ਆਪਣੇ ਕਰਤਵਾਂ ਨੀ ਪੂਰਨਤਾ ਅਤੇ ਉਹਨਾਂ ਦੀ ਖ਼ੈਰਖ਼ਵਾਹੀ ਵਿੱਚ ਕੁਤਾਹੀ ਵਰਤਦਾ ਹੈ ਤਾਂ ਉਸਦੇ ਮਰਨ'ਤੇ ਰੱਬ ਉਸ ਲਈ ਸਵਰਗ ਹਰਾਮ ਕਰ ਦੇਵੇਗਾ । ਇਹ ਦੇਖੋ ਕਿੰਨ੍ਹਾ ਸਖ਼ਤ ਖ਼ੌਫ਼ ਹੈ, ਮਨੁੱਖ ਨੂੰ ਹਿਲਾ ਦੇਣ ਵਾਲਾ ਹੈ, ਜੇਕਰ ਰੱਬ ਅਤੇ ਆਖ਼ਰਤ ਉਪੱਰ ਵਿਸ਼ਵਾਸ ਹੋਵੇ ਤਾਂ ਹਰ ਉਹਦੇਦਾਰ ਆਪਣਾ ਕੰਮ ਅਤਿਅੰਤ ਖ਼ੌਫ਼ ਦੀ ਹਾਲਤ ਵਿੱਚ ਕਰੇ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਕਯਾਮਤ ਦੇ ਦਿਨ ਰੱਬ ਨੂੰ ਲੋਕਾਂ ਵਿੱਚੋਂ ਬਹੁਤਾ ਪਿਆਰਾ ਅਤੇ ਉਸਦੇ ਬਹੁਤਾ ਨੇੜੇ ਨਿਆ ਪਸੰਦ ਹਾਕਮ ਹੋਵੇਗਾ ਅਤੇ ਸਖ਼ਤ ਨਾਪਸੰਦ ਅਤੇ ਸਭ ਤੋਂ ਵੱਧ ਦੂਰ ਜ਼ਾਲਮ ਹਾਕਮ ਹੋਵੇਗਾ । ਸੋ, ਆਪਣੀਆਂ ਜ਼ਿੰਮੇਦਾਰੀਆਂ ਨੂੰ ਸੂਖਮਤਾ ਨਾਲ ਪੂਰਾ ਕਰਨ ਦਾ ਜਤਨ ਕਰਨਾ ਚਾਹੀਦਾ ਹੈ ਫਿਰ ਹੀ ਇਨਸਾਫ਼ ਦੇ ਤਕਾਦੇ ਵੀ ਪੂਰੇ ਹੋ ਸਕਦੇ ਹਨ । ਇਸੇ ਪ੍ਰਕਾਰ ਜ਼ੈਲੀ (ਅਧੀਨ) ਤਨਜ਼ੀਮਾ ਦੇ ਉਹਦੇਦਾਰ ਵੀ ਆਪਣੀਆਂ ਜ਼ਿੰਮੇਦਾਰੀਆਂ ਸਮਝਣ । ਜ਼ੈਲੀ ਤਨਜ਼ੀਮਾ ਵੀ ਹਰ ਪਧੱਰ'ਤੇ ਕਾਰਜਸ਼ੀਲ ਹੋਣ । ਅੰਸਾਰ ਵੀ, ਲਜਨਾ ਵੀ ਤੇ ਖ਼ੁਦੱਾਮ ਵੀ । ਜੇਕਰ ਆਪਸੀ ਸਹਿਯੋਗ ਹੋਵੇ ਅਤੇ ਸਾਰੀਆਂ ਜ਼ੈਲੀ ਤਨਜ਼ੀਮਾ ਅਤੇ ਜਮਾਤੀ ਨਿਜ਼ਾਮ ਵੀ ਸਰਗਰਮ ਹੋਵੇ ਤਾਂ ਜਮਾਤ ਦੀ ਤਰੱਕੀ ਦੀ ਰਫ਼ਤਾਰ ਕਈ ਗੁਣਾ ਵੱਧ ਸਕਦੀ ਹੈ ।

ਇਕ ਗੱਲ ਇਹ ਵੀ ਉਹਦੇਦਾਰਾਂ ਨੂੰ ਚੇਤੇ ਰਖੱਣੀ ਚਾਹੀਦੀ ਹੈ ਕਿ ਜੇਕਰ ਆਪਣੇ ਵਿਰੁਧ ਵੀ ਸ਼ਿਕਾਇਤ ਹੋਵੇ ਜਾਂ ਉਸ ਦੇ ਵਿਰੁਧ ਕੋਈ ਗੱਲ ਕਰੇ ਤਾਂ ਉਸ ਦੇ ਸਾਹਮਣੇ ਤਾਂ ਉਸ ਨੂੰ ਸੁਨਣ ਦਾ ਹੌਂਸਲਾ ਹੋਣਾ ਚਾਹੀਦਾ ਹੈ । ਉਹਦੇਦਾਰਾਂ ਵਿੱਚ ਸਭ ਤੋਂ ਵੱਧ ਸਹਿਨ ਸ਼ਕਤੀ ਹੋਣੀ ਚਾਹੀਦੀ ਹੈ ਅਤੇ ਗੱਲ ਕਰਨ ਵਾਲੇ ਤੋਂ ਬਦਲਾ ਲੈਂਣ ਦੀ ਥਾਂ ਸਭ ਤੋਂ ਪਹਿਲਾਂ ਆਪਣਾ ਸੁਧਾਰ ਕਰਨਾ ਚਾਹੀਦਾ ਹੈ ਅਤੇ ਆਪਣਾ ਜਾਇਜ਼ਾ ਲੈਂਣਾ ਚਾਹੀਦਾ ਹੈ ਕਿ ਕਿਤੇ ਮੇਰੇ ਵਿੱਚ ਇਹ ਬੁਰਾਈ ਹੈ ਤਾਂ ਨਹੀਂ । ਇਹ ਗੱਲ ਵੀ ਇਨਸਾਫ਼ ਦੇ ਤਕਾਦੇ ਪੂਰੇ ਕਰਨ ਲਈ ਜ਼ਰੂਰੀ ਹੈ । ਜਮਾਤ ਦੇ ਲੋਕਾਂ ਨੂੰ ਵੀ ਮੈਂ ਇਹ ਆਖਣਾ ਚਾਹੁੰਦਾ ਹਾਂ ਕਿ ਉਹ ਵੀ ਆਪਣੇ ਤਕਵਾ (ਸੰਜਮਤਾ) ਦੇ ਮਿਆਰ ਨੂੰ ਵਧਾਉਣ । ਨੇਕੀ ਅਤੇ ਤਕਵਾ ਵਿੱਚ ਸਹਿਯੋਗ ਦਾ ਉਹਨਾਂ ਨੂੰ ਵੀ ਆਦੇਸ਼ ਹੈ । ਜੇਕਰ ਜਮਾਤ ਦੇ ਲੋਕਾਂ ਦੇ ਨੇਕੀ ਦੇ ਮਿਆਰ ਅਤੇ ਤਕਵਾ ਬਹੁਤਾ ਹੋਵੇਗਾ ਤਾਂ ਉਹਦੇਦਾਰ ਆਪਣੇ ਆਪ ਨੇਕੀ ਤੇ ਤਕਵਾ ਉਪੱਰ ਚਲੱਣ ਵਾਲੇ ਮਿਲਦੇ ਜਾਣਗੇ । ਜਮਾਤ ਦੇ ਹਰ ਵਿਅਕਤੀ ਨੂੰ ਆਪਣਾ ਫ਼ਰਜ਼ ਵੀ ਪੂਰਾ ਕਰਨਾ ਚਾਹੀਦਾ ਹੈ ਜੋ ਉਸ ਦੇ ਸੁਪੁਰਦ ਆਗਿਆਕਾਰੀ ਦੇ ਹਵਾਲੇ ਨਾਲ ਕੀਤਾ ਗਿਆ ਹੈ । ਇਹ ਇਕ ਵਡੱਾ ਫ਼ਰਜ਼ ਹੈ ਜੋ ਜਮਾਤ ਦੇ ਹਰ ਵਿਅਕਤੀ ਦੇ ਸੁਪੁਰਦ ਹੈ ਕਿ ਤੁਸੀਂ ਆਗਿਆਕਾਰੀ ਕਰੋ । ਆਪਣੀਆਂ ਨਸਲਾਂ ਦੇ ਦਿਲਾਂ ਵਿੱਚ ਬਿਠਾ ਦਿਓ ਕਿ ਅਸੀਂ ਆਪਣਾ ਫ਼ਰਜ਼ ਨਿਭਾਉਂਣਾ ਹੈ ਅਤੇ ਤੰਗੀ ਤੇ ਖ਼ੁਸ਼ੀ ਵਿੱਚ ਅਤੇ ਨਾਖ਼ੁਸ਼ੀ ਤੇ ਠੇਸ ਪਹੁੰਚਣ'ਤੇ, ਤਰਜੀਹੀ ਸੁਲੂਕ ਸਮੇਂ ਭਾਵ ਹਰ ਅਵਸਥਾ ਵਿੱਚ ਆਗਿਆਕਾਰੀ ਕਰਨੀ ਹੈ ।

ਅਲੱਾਹ ਕਰੇ ਕਿ ਸਾਡਾ ਹਰ ਕੰਮ ਰੱਬ ਦੀ ਰਜ਼ਾ ਲਈ ਹੋਵੇ । ਅਸੀਂ ਇਸ ਯੁੱਗ ਵਿੱਚ ਰੱਬ ਦੇ ਭੇਜੇ ਹੋਏ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਸੱਚੇ ਪ੍ਰੇਮੀ ਦੀ ਜਮਾਤ ਵਿੱਚ ਸ਼ਾਮਲ ਹੋਣ ਦਾ ਹੱਕ ਪੂਰਾ ਕਰਨ ਵਾਲੇ ਹੋਈਏ ।

**Khulasa Khutba Jumma 10 .03.2017**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131